**SET – 3**

**Series : GBM/C**

ਕੋਡ ਨੰ. **221/3**

ਰੋਲ ਨੰਬਰ | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **8** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **27** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **8** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **27** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਰਾਜਨੀਤੀ ਵਿਗਿਆਨ

## (ਪੰਜਾਬੀ ਉਲਥਾ)

# POLITICAL SCIENCE

## (Punjabi Version)

*ਸਮਾਂ ਸੀਮਾਂ : 3 ਘੰਟੇ* *ਪੂਰਨ ਅੰਕ : 100*

*Time allowed : 3 hours* *Maximum Marks : 100*

***ਵਿਆਪਕ ਨਿਰਦੇਸ਼ :***

(i) ***ਸਾਰੇ*** *ਪ੍ਰਸ਼ਨ ਜ਼ਰੂਰੀ ਹਨ ।*

(ii) *ਪ੍ਰਸ਼ਨ ਸੰਖਿਆ* ***1-5*** *ਤੱਕ ਹਰ ਇੱਕ ਪ੍ਰਸ਼ਨ* ***ਇੱਕ*** *ਅੰਕ ਦਾ ਹੈ । ਹਰ ਇੱਕ ਪ੍ਰਸ਼ਨ ਦਾ ਉੱਤਰ* ***20*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ਹੈ ।*

*(iii) ਪ੍ਰਸ਼ਨ ਸੰਖਿਆ **6-10** ਤੱਕ ਹਰ ਇੱਕ ਪ੍ਰਸ਼ਨ **ਦੋ** ਅੰਕ ਦਾ ਹੈ । ਹਰ ਇੱਕ ਪ੍ਰਸ਼ਨ ਦਾ ਉੱਤਰ **40** ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ਹੈ ।*

*(iv) ਪ੍ਰਸ਼ਨ ਸੰਖਿਆ **11-16** ਤੱਕ ਹਰ ਇੱਕ ਪ੍ਰਸ਼ਨ **ਚਾਰ** ਅੰਕ ਦਾ ਹੈ । ਹਰ ਇੱਕ ਪ੍ਰਸ਼ਨ ਦਾ ਉੱਤਰ **100** ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ਹੈ ।*

*(v) ਪ੍ਰਸ਼ਨ ਸੰਖਿਆ **17-21** ਤੱਕ ਹਰ ਇੱਕ ਪ੍ਰਸ਼ਨ **ਪੰਜ** ਅੰਕ ਦਾ ਹੈ । ਹਰ ਇੱਕ ਪ੍ਰਸ਼ਨ ਦਾ ਉੱਤਰ **150** ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ਹੈ ।*

*(vi) ਪ੍ਰਸ਼ਨ ਸੰਖਿਆ **21** ਮਾਨਚਿੱਤਰ ਆਧਾਰਿਤ ਪ੍ਰਸ਼ਨ ਹੈ । ਉੱਤਰ ਆਪਣੀ ਉੱਤਰ ਪੁਸਤਿਕਾ ਵਿੱਚ ਲਿਖੋ ।*

*(vii) ਪ੍ਰਸ਼ਨ ਸੰਖਿਆ **22-27** ਤੱਕ ਹਰ ਇੱਕ ਪ੍ਰਸ਼ਨ **ਛੇ** ਅੰਕ ਦਾ ਹੈ । ਇਨ੍ਹਾਂ ਵਿੱਚੋਂ ਹਰ ਇੱਕ ਪ੍ਰਸ਼ਨ ਦਾ ਉੱਤਰ **150** ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ਹੈ ।*

1. ਉਤੱਰ–ਪੂਰਬ ਦੇ ਲੋਕਾਂ ਦੀਆਂ ਮੁੱਖ ਸਮਸਿਆਵਾਂ ਕੀ ਸਨ ? **1**

2. ਉਸ ਜਨ ਅੰਦੋਲਨ ਨੂੰ ਪਛਾਣੋ ਜਿਸ ਦੀ ਮੰਗ ਸੀ ਕਿ ਆਪਣੇ ਕੁਦਰਤੀ ਸੰਸਾਧਨਾਂ ਉਪਰ ਸਥਾਨੀ ਭਾਇਚਾਰੇ ਦਾ ਕੰਟਰੋਲ ਹੋਏ । **1**

3. 'ਪ੍ਰਿਵੀ ਪਰਸ' ਦਾ ਅਰਥ ਸਮਝਾਓ । **1**

4. ਪੈਹਲੇ ਖਾੜੀ ਯੁਧ ਦੇ ਬਾਰੇ ਵਿਚ ਹੇਠ ਲਿਖਿਆਂ ਵਿਚੋਂ ਕਿਹੜਾ ਕਥਨ <u>ਠੀਕ</u> ਹੈ ? **1**
   (a) ਇਸਨੇ ਸੋਵਿਯਤ ਸੰਘ ਦੇ ਕਮਜ਼ੋਰੀ ਪ੍ਰਗਟ ਕੀਤੀ ।
   (b) ਇਸਨੇ ਸੰਯੁਕਤ ਰਾਜ ਅਮੇਰਿਕਾ ਅਤੇ ਦੂਸਰੇ ਦੇਸ਼ਾਂ ਦੀ ਸੈਨਕ ਸਮਰੱਥਾ ਦੇ ਦਰਮਿਆਨ ਉਦਯੋਗੀ ਅੰਤਰ ਨੂੰ ਸਪਸ਼ਟ ਕੀਤਾ ।
   (c) ਇਸ ਨੇ ਕੁਵੈਤ ਦੀ ਸੈਨਾ ਦੀ ਤਾਕਤ ਨੂੰ ਪ੍ਰਗਟ ਕੀਤਾ ।
   (d) ਇਸ ਨੇ ਤੇਲ ਉਤਪਾਦਨ ਦੇਸ਼ਾਂ ਦੇ ਦਰਮਿਆਨ ਏਕਤਾ ਪੈਦਾ ਕੀਤੀ ।

5. ਠੰਢੀ ਜੰਗ (ਸੀਤ ਯੁਧ) ਦੇ ਸਮੇਂ ਦੋਨੋਂ ਮਹਾਸ਼ਕਤੀਆਂ ਦੇ ਦਰਮਿਆਨ ਟਾਕਰੇ ਦਾ ਕਾਰਨ ਕੀ ਸੀ ? **1**

6. ਅੰਕਟਾਡ (ਯੂਨਾਇਟਿਡ ਨੇਸ਼ਨਲ ਕਾਨਫ੍ਰੇਂਸ ਆਨ ਟ੍ਰੇਡ ਐਂਡ ਡਿਵੇਲਪਮੇਂਟ) ਰਾਹੀਂ ਪੇਸ਼ ਕੀਤੀ ਗਈ 'ਟੁਵਾਰਡਸ ਅ ਨਯੂ ਟਰੇਡ ਪਾਲਿਸੀ ਫਾਰ ਡਿਵੇਲਪਮੇਂਟ' ਸਿਰਲੇਖ ਹੇਠ ਰਿਪੋਰਟ ਵਿਚ ਪਰਸਤਾਵਤ ਕਿਸੇ ਦੋ ਸੁਧਾਰਾਂ ਦਾ ਵਰਨਨ ਕਰੋ । **2 × 1 = 2**

7. ਦਿੱਲੀ ਜਹੇ ਵੱਡੇ ਨਗਰਾਂ ਦੇ ਵਾਤਾਵਰਨ ਦੀ ਰਖਿਆ ਦੇ ਲਈ ਕੋਈ ਦੋ ਉਪਾ ਸੁਝਾਓ । **2 × 1 = 2**

8. ਵਿਸ਼ਵੀਕਰਨ ਦਾ ਵਿਰੋਧ ਕਰਨ ਦੇ ਕਿਸੇ ਇਕ ਕਾਰਨ ਦਾ ਨਿਰੀਖਣ ਕਰੋ । **2**

9. ਸੂਚੀ ‘A’ ਵਿਚ ਕਿੱਤੀਆਂ ਗਈਆਂ ਨੀਤੀਆਂ/ਪ੍ਰੋਗਰਾਮਾਂ ਦਾ ਸੂਚੀ ‘B’ ਹੇਠ ਦਿੱਤੇ ਗਏ ਰਾਜਨੀਤਕ ਦਲਾਂ ਨਾਲ ਸਹੀ ਮਿਲਾਨ ਕਰੋ : **4 × ½ = 2**

| | **ਸੂਚੀ – A** | | **ਸੂਚੀ – B** |
|---|---|---|---|
| (a) | ਇਸਨੇ ਤੇਲੰਗਾਨਾ ਖੇਤਰ ਵਿਚ ਹਿੰਸਕ ਵਿਦਰੋਹ ਨੂੰ ਹੱਲਾਸ਼ੇਰੀ ਦਿੱਤੀ । | (i) | ਭਾਰਤੀ ਜਨਸੰਘ |
| (b) | ਇਸਨੇ ਇਕ ਦੇਸ਼, ਇਕ ਸੰਸਕ੍ਰਿਤੀ ਅਤੇ ਇਕ ਰਾਸ਼ਟਰ ਦੇ ਵੀਚਾਰ ਉਪਰ ਜ਼ੋਰ ਦਿੱਤਾ । | (ii) | ਸਵਤੰਤਰ ਪਾਰਟੀ |
| (c) | ਇਹ ਪਾਰਟੀ ਕੇਂਦਰੀਕਰਿਤ ਨਿਯੋਜਨ, ਰਾਸ਼ਟਰੀ ਕਰਨ ਅਤੇ ਕੌਮੀ ਖੇਤਰ (ਪਬਲਿਕ ਸੈਕਟਰ) ਦੇ ਵਿਰੁਧ ਸੀ । | (iii) | ਭਾਰਤੀ ਰਾਸਟਰੀ ਕਾਂਗਰੇਸ |
| (d) | ਇਸਨੇ ਇਕ ਸਮਾਜਕ ਅਤੇ ਵਿਚਾਰਧਰਾਤਮਕ ਗਠਬੰਧਨ ਦੇ ਰੂਪ ਵਿਚ ਕੰਮ ਕੀਤਾ | (iv) | ਕਮਯੁਨਿਸਟ ਪਾਰਟੀ ਆਫ ਇੰਡੀਆ |

10. ਭਾਰਤ ਰਾਹੀਂ ‘ਬਸਤੀਵਾਦ ਨੂੰ ਨਾ ਪ੍ਰਫੁਲਤਕਰਨ’ ਦੇ ਹਕ ਵਿਚ ਚੁੱਕੇ ਗਏ ਕਿਸੇ ਦੋ ਕਦਮਾਂ ਉਪਰ ਰੋਸ਼ਨੀ ਪਾਓ । **2 × 1 = 2**

11. ਚੌਧਰ ਨਾਲ ਨਿਬੜਨ ਦੇ ਲਈ ਕਿਸੇ ਦੋ ਰਣਨੀਤੀਆਂ ਦੀ ਵਿਆਖਿਆ ਕਰੋ । **2 × 2 = 4**

12. 1989 ਤੋਂ ਕੇਂਦਰ ਵਿਚ ਗਠਬੰਧਨ ਦੀਆਂ ਸਰਕਾਰਾਂ ਦੇ ਯੁਗ ਦੇ ਵਲ ਲੈ ਕੇ ਜਾਣ ਵਾਲੇ ਕਿਸੇ ਚਾਰ ਬਦਲਾਵਾਂ ਦਾ ਵਰਨਨ ਕਰੋ । **4 × 1 = 4**

13. ਅਜ਼ਾਦੀ ਤੋਂ ਪਿੱਛੋ ਭਾਰਤ ਦੇ ਸਾਮ੍ਹਣੇ ਆਈਆਂ ਕਿਸੇ ਦੋ ਚੁਣੌਤੀਆਂ ਦਾ ਵਰਨਨ ਕਰੋ । **2 × 2 = 4**

14. ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ ਦੇ ਰੂਪ ਵਿਚ ਭਾਰਤ ਦਾ ਸੰਯੁਕਤ ਰਾਸਟਰ ਸੁਰਖਿਆ ਪਰਿਸ਼ਦ ਦੀ ਸਥਾਈ ਸਦਸਤਾ ਦੇ ਲਇ ਇਕ ਮਜ਼ਬੂਤ ਦਾਵਾ ਹੈ । ਕਿਸੇ ਦੋ ਢੁਕਵੀਆਂ ਦਲੀਲਾਂ ਦੇ ਆਧਾਰ ਉਪਰ ਇਸ ਦਾਵੇ ਦਾ ਸਮਰਥਨ ਕਰੋ । **2 × 2 = 4**

15. 1975 ਵਿਚ ਸਿਕਿਮ ਦੀ ਭਾਰਤ ਵਿਚ ਵਿਲੀਨਤਾ ਦੇ ਲਈ ਜੁਮੇਂਵਾਰ ਹਾਲਾਤਾਂ ਅਤੇ ਘਟਨਾਵਾਂ ਦੀ ਵਿਆਖਿਆ ਕਰੋ । **4**

16. ਭਾਰਤ ਉਪਰ 1962 ਦੇ ਚੀਨ ਰਾਹੀਂ ਹਮਲੇ ਦੇ ਕਿਸੇ ਦੋ ਮੁੱਖ ਨਤੀਜਿਆਂ ਦਾ ਮੁਲੰਕਣ ਕਰੋ । **2 × 2 = 4**

17. ਹੇਠ ਲਿੱਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਉਸਦੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ : **1 + 2 + 2 = 5**

ਕਾਂਗਰੇਸ ਦੇ ਫੱਟਣ ਨਾਲ ਇੰਦਿਰਾ ਗਾਂਧੀ ਦੀ ਸਰਕਾਰ ਅਲਪਮਤ ਵਿਚ ਆ ਗਈ । ਖੈਰ, ਡੀ.ਐਮ.ਕੇ. ਅਤੇ ਕਮਿਯੂਨਿਸਟ ਪਾਰਟੀ ਸਮੇਤ ਕੁਝ ਦੂਸਰੇ ਦੱਲਾਂ ਤੋਂ ਪ੍ਰਾਪਤ ਮੁੱਦਾ-ਅਧਾਰਤ ਸਮਰਥਨ ਦੇ ਜ਼ੋਰ ਨਾਲ ਇੰਦਿਰਾ ਗਾਂਧੀ ਦੀ ਸਰਕਾਰ ਸੱਤਾ ਵਿਚ ਬਣੀ ਰਹੀ । ਇਸ ਅਰਸੇ ਦੇ ਦੌਰਾਨ ਸਰਕਾਰ ਨੇ ਸਚੇਤ ਰੂਪ ਵਿਚ ਆਪਣੀ ਦਿੱਖ ਨੂੰ ਸਮਾਜਵਾਦੀ ਰੰਗ ਵਿਚ ਪੇਸ਼ ਕੀਤਾ...... ਦੂਜੇ ਦੱਲਾ ਉਪਰ ਨਿਰਭਰਤਾ ਨੂੰ ਸਮਾਪਤ ਕਰਨ, ਸੰਸਦ ਵਿਚ ਆਪਣੀ ਪਾਰਟੀ ਦੀ ਸਥਿਤੀ ਨੂੰ ਮਜ਼ਬੂਤ ਕਰਨ ਅਤੇ ਆਪਣੇ ਪ੍ਰੋਗਰਾਮਾਂ ਦੇ ਪੱਖ ਦੇ ਲਈ ਜਨਾਦੇਸ਼ (ਜਨਤਾ ਦਾ ਫੁਰਮਾਨ) ਪ੍ਰਾਪਤ ਕਰਨ ਦੀ ਗਰਜ਼ ਨਾਲ ਇੰਦਿਰਾ ਗਾਧੀ ਦੀ ਸਰਕਾਰ ਨੇ 1970 ਦੇ ਦਿਸੰਬਰ ਵਿਚ ਲੋਕ ਸਭਾ ਭੰਗ ਕਰਨ ਦੀ ਸਿਫਾਰਿਸ਼ ਕੀਤੀ

(a) ਮੋਟੇ ਤੋਰ ਤੇ ਕਿਹੜੀ ਘਟਨਾ ਦੇ ਕਾਰਨ ਕਾਂਗਰੇਸ ਪਾਰਟੀ ਵਿਚ ਪਾੜ ਪੈਦਾ ਹੋਇਆ ?

(b) ਆਪਣੀ ਸਰਕਾਰ ਦੇ ਅਕਸ ਨੂੰ ਸਮਾਜਵਾਦੀ ਰੰਗ ਵਿਚ ਪੇਸ਼ ਕਰਨ ਦੇ ਲਈ ਇੰਦਿਰਾ ਗਾਂਧੀ ਰਾਹੀਂ ਕੀਤੇ ਗਏ ਕਿਸੇ ਦੋ ਯਤਨਾਂ ਦਾ ਲੇਖਾ ਜੋਖਾ ਕਰੋ ।

(c) 1970 ਵਿਚ ਲੋਕ ਸਭਾ ਭੰਗ ਕਰਨ ਦਾ ਕੀ ਨਤੀਜਾ ਨਿਕਲਿਆ ?

18. ਹੇਠ ਦਿੱਤੇ ਗਏ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਹੇਠ ਲਿੱਖੇ ਪ੍ਰਸ਼ਨਾਂ ਦੇ ਉੱਤਰ ਲਿੱਖੋ : **1 + 2 + 2 = 5**

ਭਾਰਤ ਨੇ ਕਮਿਊਨਿਸਟ (ਸਾਮਵਾਦੀ) ਰਹਿ ਚੁਕੇ ਸਾਰੇ ਦੇਸ਼ਾਂ ਦੇ ਨਾਲ ਚੰਗੇ ਸੰਬੰਧ ਬਰਕਰਾਰ ਕੀਤੇ ਹਨ, ਪਰ ਭਾਰਤ ਦੇ ਰੂਸ ਦੇ ਨਾਲ ਸੰਬੰਧ ਜ਼ਿਆਦਾ ਨਿੱਗਰ ਹਨ । ਭਾਰਤ ਦੀ ਵਿਦੇਸ਼ ਨੀਤੀ ਦਾ ਮਹਤਵਪੂਰਨ ਪੈਹਲੂ ਭਾਰਤ ਦਾ ਰੂਸ ਨਾਲ ਸੰਬੰਧ ਹੈ । ਭਾਰਤ-ਰੂਸ ਸੰਬੰਧਾਂ ਦਾ ਇਤਹਾਸ ਆਪਸੀ ਵਿਸ਼ਵਾਸ ਅਤੇ ਸਾਂਝੇ ਹਿੱਤਾਂ ਦਾ ਇਤਹਾਸ ਹੈ । ਭਾਰਤ ਰੂਸ ਦੇ ਆਪਸੀ ਸੰਬੰਧ ਇਨ੍ਹਾਂ ਦੇਸ਼ਾਂ ਦੀ ਜਨਤਾ ਦੀਆਂ ਉਮੀਦਾਂ ਦੇ ਨਾਲ ਮੇਲ ਖਾਂਦੇ ਹਨ ।

(a) ਰੂਸ ਤੋਂ ਇਲਾਵਾ, ਕਿਹੜਾ ਸਾਮਵਾਦੀ ਦੇਸ਼ ਇਕ ਮਹਾਂਸ਼ਕਤੀ ਦੇ ਰੂਪ ਵਿਚ ਉਭਰ ਰਿਹਾ ਹੈ ?

(b) ਭਾਰਤ ਅਤੇ ਰੂਸ ਦੇ ਸੰਬੰਧਾਂ ਨੂੰ ਸਭਨਾਂ ਤੋਂ ਮਜ਼ਬੁਤ ਕਿਉਂ ਸਮਝਿਆਂ ਜਾਂਦਾ ਹੈ ? ਕੋਈ ਦੋ ਕਾਰਨ ਲਿੱਖੋ ।

(c) ਕਿਸੇ ਦੋ ਉਦਾਹਰਣਾ ਰਾਹੀਂ ਇਹ ਦਰਸਾਓ ਕਿ ਭਾਰਤ ਅਤੇ ਰੂਸ ਦੇ ਸੰਬੰਧਾਂ ਦਾ ਇਤਿਹਾਸ ਆਪਸੀ ਵਿਸ਼ਵਾਸ ਅਥੇ ਸਾਂਝੇ ਹਿਤਾਂ ਉਪਰ ਅਧਾਰਤ ਹੈ ।

19. ਹੇਠ ਲਿੱਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ : **1 + 2 + 2 = 5**


ਦੇਸ਼ ਦੇ ਸਿਰਫ ਵੱਡੇ ਆਕਾਰ ਅਤੇ ਮਤਦਾਤਾਵਾਂ ਦੀ ਬਹੁਤ ਵੱਡੀ ਸੰਖਿਆ ਦੇ ਲਿਹਾਜ ਨਾਲ ਹੀ ਪੈਹਲਾ ਆਮ ਚੁਣਾਵ ਅਦਭੁਤ ਨਹੀਂ ਸੀ, ਬਲਕਿ ਮਤਦਾਤਾਵਾਂ ਦੀ ਇਕ ਵੱਡੀ ਗਿਣਤੀ ਗਰੀਬ ਅਤੇ ਅਨਪੜ੍ਹ ਲੋਕਾਂ ਦੀ ਸੀ ਅਤੇ ਅਜੇਹੇ ਮਾਹੌਲ ਵਿਚ ਇਹ ਚੁਣਾਵ ਲੋਕ-ਤੰਤਰ ਦੇ ਲਈ ਪਰੀਖਿਆ ਦੀ ਇਕ ਔਖੀ ਘੜੀ ਸੀ । ਇਸ ਸਮੇਂ ਤਕ ਲੋਕ ਤੰਤਰ ਸਿਰਫ ਅਮੀਰ ਦੇਸ਼ਾਂ ਵਿਚ ਹੀ ਕਾਇਮ ਸੀ । ਉਸ ਸਮੇਂ ਯੂਰੋਪ ਦੇ ਜ਼ਿਆਦਾਤਰ ਦੇਸ਼ਾਂ ਵਿਚ ਇਸਤ੍ਰੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਮਿਲਿਆ ਸੀ । ਅਜੇਹੇ ਸਮੇਂ ਭਾਰਤ ਦਾ ਵਿਆਪਕ ਤੌਰ ਤੇ ਬਾਲਗ ਵਿਯਕਤੀਆਂ ਨੂੰ ਵੋਟ ਪਾਉਣ ਦੇ ਅਧਿਕਾਰ ਉਪਰ ਅਮਲ ਹੋਇਆ ਅਤੇ ਇਹ ਆਪਣੇ ਆਪਵਿਚ ਬਹੁਤ ਵੱਡਾ ਅਤੇ ਖਤਰੇ ਭਰਿਆ ਪ੍ਰਯੋਗ ਸੀ ।

(a) 'ਵਿਆਪਕ ਤੌਰ ਤੇ ਬਾਲਗ ਵਿਯਕਤੀਆਂ ਨੂੰ ਵੋਟ ਪਾਉਣ ਦਾ ਅਧਿਕਾਰ' ਦਾ ਕੀ ਅਰਥ ਹੈ ।

(b) ਆਜ਼ਾਦੀ ਤੋਂ ਪਿਛੋਂ, ਭਾਰਤ ਦੇ ਪੈਹਲੇ ਆਮ ਚੁਣਾਵ ਨੂੰ ਕਿਸ ਆਧਾਰ ਉਪਰ ਇਕ ਅਦਭੁਤ ਅਤੇ ਲੋਕ ਤੰਤਰ ਦੀ ਸਭ ਤੋਂ ਵੱਡੀ ਪਰੀਖਿਆ ਕਿਹਾ ਜਾਂਦਾ ਹੈ ?

(c) ਪੈਹਲੇ ਆਮ ਚੁਣਾਵ ਸੀ ਸਫਲਤਾ ਨੇ ਕਿਵੇਂ ਭਾਰਤ ਦੀ ਲੋਕਤੰਤਰੀ ਵਿਵਸਥਾ ਨੂੰ ਮਜ਼ਬੂਤ ਕੀਤਾ ?

20.




ਉੱਪਰ ਦਿੱਤੇ ਗਏ ਕਾਰਟੂਨ ਦਾ ਧਿਆਨ ਨਾਲ ਅਧਿਐਨ ਕਰੋ ਅਤੇ ਹੇਠ ਲਿੱਖੇ ਪ੍ਰਸ਼ਨਾਂ ਦੇ ਉੱਤਰ ਲਿੱਖੋ : **1 + 2 + 2 = 5**

(i) ਦਿੱਤਾ ਗਿਆ ਕਾਰਟੂਨ ਕਿਸ ਸੈਨਿਕ ਆਪਰੇਸ਼ਨ ਨਾਲ ਸੰਬੰਧਤ ਹੈ ?

(ii) ਇਸ ਸੈਨਿਕ ਹਮਲੇ ਦਾ ਮਕਸਦ ਕੀ ਸੀ ? ਇਹ ਕਿਸ ਹਦ ਤਕ ਉੱਚਤ ਹੈ ?

(iii) ਸੈਨਿਕ ਦੀ ਵਰਦੀ (ਯੂਨਿਫਾਰਮ) ਉੱਪਰ ਲਿੱਖੇ ਵਖਰੇ ਵਖਰੇ ਦੇਸ਼ਾਂ ਦੇ ਨਾਮਾਂ ਦੀ ਕੀ ਮਹਤਤਾ ਹੈ ?


**ਨੋਟ :** ਹੇਠ ਲਿੱਖੇ ਪ੍ਰਸ਼ਨ ਕੇਵਲ ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ ਦੇ ਲਈ ਪ੍ਰਸ਼ਨ ਸੰਖਿਆ **20** ਦੇ ਥਾਂ ਬਦਲਵੇਂ ਪ੍ਰਸ਼ਨ ਹਨ : **1 + 2 + 2 = 5**

20.1. ਪ੍ਰਧਾਨ ਮੰਤਰੀ ਚਾਊ–ਏਨ–ਲਾਈ ਕਿਸ ਵਿਚਾਰਧਾਰਾ ਦੇ ਸਨ ?

20.2. ਭਾਰਤ ਅਤੇ ਚੀਨ ਦੇ ਦਰਮਿਆਨ ਟਕਰਾਵ ਦੇ ਕਿਸੇ ਦੋ ਖੇਤਰਾਂ ਦਾ ਵਰਨਨ ਕਰੋ ।

20.3. ਚੀਨ ਨੇ ਆਪਣਾ ਰਾਜਨੀਤਕ ਅਤੇ ਆਰਥਕ ਏਕਾਂਤਵਾਦ ਕਦੋਂ ਅਤੇ ਕਿਵੇਂ ਸਮਾਪਤ ਕੀਤਾ ?

21.




ਦਿੱਤੇ ਹੋਏ ਭਾਰਤ ਦੇ ਰਾਜਨੀਤਕ ਰੇਖਾ ਮਾਨ ਚਿੱਤਰ ਵਿਚ ਪੰਜ ਰਾਜਾਂ ਨੂੰ (A), (B), (C), (D) ਅਤੇ (E) ਰਾਹੀਂ ਦਰਸਾਇਆ ਗਿਆ ਹੈ । ਹੇਠ ਦਿੱਤੀ ਜਾਣਕਾਰੀ ਦੇ ਅਧਾਰ ਉਪਰ ਇਸ ਦੀ ਪਛਾਣ ਕਰੋ ਅਤੇ ਉਨ੍ਹਾਂ ਦੇ ਸਹੀ ਨਾਮ, ਵਰਤੀ ਗਈ ਜਾਣਕਾਰੀ ਦੀ ਕ੍ਰਮ ਸੰਖਿਆ ਅਤੇ ਸੰਬੰਧਤ ਅੱਖਰ, ਹੇਠ ਦਿੱਤੀ ਸਾਰਣੀ ਦੇ ਰੂਪ ਵਿਚ ਲਿੱਖੋ : **5 × 1 = 5**

| **ਵਰਤੀ ਗਈਜਾਣਕਾਰੀ ਦੀ ਕ੍ਰਮ ਸੰਖਿਆ** | **ਸੰਬੰਧਤ ਅੱਖਰ** | **ਰਾਜ ਦਾ ਨਾਮ** |
|---|---|---|
| (i) | | |
| (ii) | | |
| (iii) | | |
| (iv) | | |
| (v) | | |

(i) 1947 ਦੀ ਵੰਡ ਦੇ ਸਮੇਂ ਇਸ ਰਾਜ ਨੂੰ ਭਾਰਤ ਅਤੇ ਪਾਕਿਸਤਾਨ ਦੇ ਦਰਮਿਆਨ ਵੰਡਿਆ ਗਿਆ ਸੀ ।

(ii) ਇਹ ਭਾਰਤ ਦਾ 29 ਵਾਂ ਰਾਜ ਹੈ ।

(iii) ਇਹ ਰਾਜ 1966 ਵਿਚ ਬਣਾਇਆ ਗਿਆ ਸੀ ।

(iv) ਇਸ ਰਾਜ ਦਾ ਪੈਹਲਾ ਮੁਖ ਮੰਤਰੀ ਲਾਲਡੇਂਗਾ ਸੀ ।

(v) ਇਹਰਾਜ ਸਰਦਾਰ ਸਰੋਵਰ ਬੰਧ ਨਾਲ ਸੰਬੰਧਿਤ ਹੈ ।

**ਨੋਟ :** ਹੇਠ ਲਿੱਖੇ ਪ੍ਰਸ਼ਨ ਕੇਵਲ ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ ਦੇ ਲਈ ਪ੍ਰਸ਼ਨ ਸੰਖਿਆ **21** ਦੇ ਥਾਂ ਬਦਲਵੇਂ ਪ੍ਰਸ਼ਨ ਹਨ : **5 × 1 = 5**

21.1 ਭਾਰਤ ਦੇ 29 ਵੇਂ ਰਾਜ ਦਾ ਨਾਮ ਲਿੱਖੋ ।

21.2 ਪਾਕਿਸਤਾਨ ਦੇ ਬਨਾਉਣ ਦੇ ਲਈ ਮੁਸਲੀਮ ਲੀਗ ਦੇ ਰਾਹੀਂ ਕਿਹੜੇ ਸਿਧਾਂਤ ਦੀ ਵਕਾਲਤ ਕੀਤੀ ਗਈ ਸੀ ?

21.3 1966 ਵਿਚ ਭਾਸ਼ਾ ਦੇ ਅਧਾਰ ਤੇ ਬਣਾਏ ਗਏ ਦੋ ਰਾਜਾਂ ਦੇ ਨਾਮ ਲਿੱਖੋ ।

21.4 ਆਜ਼ਾਦੀ ਦੇ ਸਮੇਂ ਕਿਹੜੇ ਦੋ ਉੱਤਰ ਪੂਰਬੀ ਰਾਜ/ਖੇਤਰ ਅਸਮ ਦਾ ਹਿੱਸਾ ਨਹੀਂ ਸਨ ?

21.5 ਅੰਗਮੀ ਜ਼ਾਪੂ ਫਿਜ਼ੋ ਭਾਰਤ ਦੇ ਕਿਸ ਰਾਜ ਨਾਲ ਸੰਬੰਧਿਤ ਸਨ ?

22. ਜੰਮੂ–ਕਸ਼ਮੀਰ ਵਿਚ ਅਸ਼ਾਂਤੀ ਦੇ ਲਈ ਜੁਮੇਦਾਰ ਤਿੰਨ ਮੁਖ ਸਮਸਿਆਵਾਂ ਦਾ ਨਿਰੀਖਣ ਕਰੋ । ਇਨ੍ਹਾਂ ਸਮਸਿਆਵਾਂ ਨੂੰ ਸੁਲਝਾਣ ਦੇ ਲਈ ਉਪਾ ਸੁਝਾਓ । **3 × 2 = 6**

**ਜਾਂ**

ਭਾਰਤ ਦੇ ਕਿਸਾਨਾਂ ਦੀਆਂ ਮੁੱਖ ਸਮਸਿਆਵਾਂ ਦਾ ਨਿਰੀਖਣ ਕਰੋ । ਉਨ੍ਹਾਂ–ਵਿਚੋਂ ਕਿਸੇ ਤਿੰਨ ਨੂੰ ਸੁਲਝਾਣ ਦੇ ਲਈ ਉਪਾ ਸੁਝਾਓ । **3 + 3 = 6**

23. ਭਾਰਤ ਦੇ ਨੇਪਾਲ ਅਤੇ ਭੂਟਾਨ ਦੇ ਨਾਲ ਸੰਬੰਧਾਂ ਦੀ ਵਿਆਖਿਆ ਕਰੋ । **3 + 3 = 6**

**ਜਾਂ**

ਸੰਯੁਕਤ ਰਾਜ ਅਮੇਰਿਕਾ ਦੀ ਟੈਕਨੋਲੋਜੀ ਦੇ ਵਿਕਾਸ ਵਿਚ ਭਾਰਤ ਰਾਹੀਂ ਪਾਏ ਗਏ ਹਿੱਸੇ ਦੇ ਕਿਸੇ ਚਾਰ ਬਿੰਦੂਆਂ ਨੂੰ ਸਪਸ਼ਟ ਕਰੋ । **4 × 1½ = 6**

24. ਸ਼ਾਕ ਥੈਰੇਪੀ ਦੇ ਕਿਸੇ ਛੇ ਨਤੀਜਿਆਂ ਦਾ ਵਿਸ਼ਲੇਸ਼ਣ ਕਰੋ । **6 × 1 = 6**

**ਜਾਂ**

ਦੋ–ਧਰੁਵਤਾ ਦੀ ਚੁਣੋਤੀ ਦੇ ਰੂਪ ਵਿਚ ਗੁਟਨਿਰਪੇਖਤਾ ਦੀ ਭੂਮਿਕਾ ਦਾ ਅਨੁਮਾਨ ਲਗਾਉ ।

25. ਤੁਹਾਡੇ ਵਿਚਾਰ ਅਨੁਸਾਰ, ਸੰਸਾਰ ਵਿਚ ਹਿੰਸਾ ਨੂੰ ਖਤਮ ਕਰਨ ਦੇ ਲਈ ਮਿਲਵਰਤਨ ਦੇ ਕਿਹੜੇ ਤਿੰਨ ਕਦਮ ਜ਼ਰੂਰੀ ਹਨ ? ਆਪਣਾ ਨਜ਼ਰੀਆ ਸਪਸ਼ਟ ਕਰੋ । **3 × 2 = 6**

**ਜਾਂ**

ਸੰਯੁਕਤ ਰਾਸ਼ਟਰ ਜਹੇ ਅੰਤਰਰਾਸ਼ਟਰੀ ਸੰਗਠਨਾਂ ਨੂੰ ਤੁਸੀਂ ਜ਼ਰੂਰੀ ਕਿਉਂ ਮੰਨਦੇ ਹੋ ? ਕਿਸੇ ਤਿੰਨ ਕਾਰਣਾਂ ਦਾ ਵਿਸ਼ਲੇਸ਼ਣ ਕਰੋ ।

26. ਇੰਦਿਰਾਗਾਂਧੀ ਰਾਹੀਂ ਭਾਰਤ ਵਿਚ ਗਰੀਬੀ ਹਟਾਣ ਦੇ ਲਈ ਚੁੱਕੇ ਗਏ ਕਿਸੇ ਚਾਰ ਕਦਮਾਂ ਦਾ ਵਰਨਨ ਕਰੋ । **6**

**ਜਾਂ**

ਅਜੇਹੇ ਕਿਸੇ ਤਿੰਨ ਮੁਦਿਆਂ ਦਾ ਵਰਨਨ ਕਰੋ ਜਿਨ੍ਹਾਂ ਨੂੰ 1975 ਵਿਚ ਐਲਾਨੀ ਆਪਾਤਕਾਲ ਦੀ ਵਿਰਾਸਤ ਸਮਝਿਆ ਜਾਂਦਾ ਹੈ ।

27. ਸੰਸਾਰ ਭਰ ਵਿਚ ਫੈਲੇ ਹੋਏ ਮੂਲ ਨਿਵਾਸੀਆਂ ਦੇ ਸਾਂਝੇ ਹਿਤਾਂ ਦਾ ਵਰਨਨ ਕਰੋ । **6**

**ਜਾਂ**

ਵਿਸ਼ਵੀਕਰਨ ਦੇ ਪੱਖ ਵਿਚ ਟੈਕਨੋਲੋਜੀ ਰਾਹੀਂ ਵਖੋ ਵਖ ਤਰੀਕਿਆਂ ਨਾਲ ਦਿੱਤੇ ਗਏ ਯੋਗਦਾਨ (ਹਿੱਸੇ) ਦਾ ਵਰਨਨ ਕਰੋ ।